**ਸਲਾਨਾ ਪ੍ਰੀਖਿਆ – ਮਾਰਚ 2017**

**ਸ਼੍ਰੇਣੀ : ਅੱਠਵੀਂ**

**ਵਿਸ਼ਾ: ਪੰਜਾਬੀ**

**ਕੁੱਲ ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 80**

**ਨਿਰਦੇਸ਼:–**

**ਸਾਰੇ ਪ੍ਰਸ਼ਨ ਜਰੂਰੀ ਹਨ।**

**ਪ੍ਰਸ਼ਨਾਂ ਦੇ ਅੰਕ ਉਹਨਾਂ ਦੇ ਸਾਹਮਣੇ ਲਿਖੇ ਹਨ ।**

---

**ਪ੍ਰਸ਼ਨ.1 ਵਤਨ ਸ਼ਬਦ ਦਾ ਅਰਥ ਹੈ–** (1)

1) ਤਨ 2) ਸੇਵਕ 3) ਦੇਸ਼ 4) ਜੇਲ੍ਹ

**ਪ੍ਰਸ਼ਨ.2 ਬਾਦਸ਼ਾਹ ਬਾਲਕ ਦੀ ਕਿਸ ਗੱਲ ਤੇ ਖੁਸ਼ ਹੋਇਆ?** (1)

1) ਮੂਰਖਤਾ 2) ਜਵਾਬ 3) ਕਰਾਮਾਤ 4) ਤੇਜ ਬੁੱਧੀ

**ਪ੍ਰਸ਼ਨ.3 'ਗੁਲਾਬ ਦਾ ਫੁੱਲ' ਕਵਿਤਾ ਵਿੱਚ ਕਵੀ ਕਿਸਨੂੰ ਤੋੜਨ ਤੋਂ ਮਨ੍ਹਾ ਕਰਦਾ ਹੈ?** (1)

1) ਦਰੱਖਤ 2) ਗੁਲਾਬ ਦਾ ਫੁੱਲ 3) ਪੱਤੇ 4) ਦਿਲ

**ਪ੍ਰਸ਼ਨ.4 ਨਾਟਕ ਨਵੀਂ ਸੋਚ ਵਿੱਚ ਕਿੰਨੇ ਪਾਤਰ ਹਨ?** (1)

1) ਛੇ 2) ਚਾਰ 3) ਨੌਂ 4) ਪੰਜ

**ਪ੍ਰਸ਼ਨ.5 'ਜੀਉਂਦੇ ਭਗਵਾਨ' ਕਵਿਤਾ ਕਿਸ ਕਵੀ ਦੀ ਰਚਨਾ ਹੈ?** (1)

1) ਧਨੀ ਰਾਮ ਚਾਤ੍ਰਿਕ 2) ਨੰਦ ਲਾਲ ਨੂਰਪੁਰੀ 3) ਭਾਈ ਵੀਰ ਸਿੰਘ

**ਪ੍ਰਸ਼ਨ.6 'ਪੰਜਾਬੀ' ਕਵਿਤਾ ਵਿੱਚ ਕਵੀ ਫਿਰੋਜ਼ਦੀਨ ਸ਼ਰਫ ਕਿੱਥੋਂ ਦਾ ਰਹਿਣ ਵਾਲਾ ਸੀ?** (1)

1) ਹਰਿਆਣਾ ਦਾ 2) ਰਾਜਸਥਾਨ ਦਾ 3) ਦਿੱਲੀ 4) ਪੰਜਾਬ ਦਾ

**ਪ੍ਰਸ਼ਨ.7 ਰੇਲ ਵਿਚਲੇ ਜ਼ਖਮੀ ਮੁੰਡੇ ਦਾ ਕੀ ਨਾਂ ਸੀ?** (1)

1) ਧੀਰੂ 2) ਪ੍ਰਵੀਨ ਕੁਮਾਰ ਸ਼ਰਮਾ 3) ਕਾਕਾ 4) ਗਲੀਜ਼

**ਪ੍ਰਸ਼ਨ.8 ਸ. ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਕਿਸ ਪੁਲਿਸ ਅਧਿਕਾਰੀ ਨੂੰ ਮਾਰਨਾ ਚਾਹੁੰਦੇ ਸਨ?** (1)

1) ਸਾਂਡਰਸ 2) ਲਾਰਡ ਵਿਲੇਨ 3) ਸਕਾਟ 4) ਸਾਈਮਨ

**ਪ੍ਰਸ਼ਨ.9 ਨਾਂਵ ਸ਼ਬਦ ਚੁਣੋ।** (1)

1) ਤੇਜ 2) ਆਪਣਾ 3) ਵਾਹ 4) ਸੋਹਣ ਸਿੰਘ

**ਪ੍ਰਸ਼ਨ.10 ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ ਜਾਂ ਵਿਸ਼ੇਸ਼ਤਾ ਪ੍ਰਗਟ ਕਰਨ, ਉਹਨਾਂ ਨੂੰ ਕੀ ਕਹਿੰਦੇ ਹਨ?** (1)

1) ਵਿਸ਼ੇਸ਼ਣ 2) ਪੜਨਾਂਵ 3) ਕਿਰਿਆ 4) ਯੋਜਕ

**ਪ੍ਰਸ਼ਨ.11 ਅੱਖਰ ਦੀ ਦੋਹਰੀ ਆਵਾਜ਼ ਪ੍ਰਗਟ ਕਰਨ ਲਈ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?** (1)

1) ਟਿੱਪੀ 2) ਬਿੰਦੀ 3) ਅੱਧਕ 4) ਦੁਲੈਂਕੜ

**ਪ੍ਰਸ਼ਨ.12 ਸਿਰਜਣਾ ਨਾਟਕ ਵਿੱਚ ਸਿਰਜਣਾ ਦੇ ਪਤੀ ਦਾ ਕੀ ਨਾਂ ਸੀ?** (1)

1) ਕੁਲਦੀਪ 2) ਧਿਆਨ ਸਿੰਘ 3) ਪ੍ਰੇਮੀ 4) ਕਲੰਦਰ

**ਪ੍ਰਸ਼ਨ.13 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਕਿਸ ਕਵੀ ਦੀ ਰਚਨਾ ਹੈ?** (1)

1) ਦਲੀਪ ਕੌਰ 2) ਅੰਮ੍ਰਿਤਾ ਪ੍ਰੀਤਮ 3) ਸੁਭੱਦਰਾ ਕੁਮਾਰੀ 4) ਭਾਈ ਵੀਰ ਸਿੰਘ

**ਪ੍ਰਸ਼ਨ.14 ਬਚਪਨ ਵਿੱਚ ਬੰਦਾ ਬਹਾਦਰ ਨੂੰ ਕਿਸ ਚੀਜ਼ ਦਾ ਸ਼ੌਂਕ ਸੀ?** (1)

1) ਪੜ੍ਹਨ ਦਾ 2) ਘੁੰਮਣ-ਫਿਰਨ ਦਾ 3) ਸੌਣ ਦਾ 4) ਸ਼ਿਕਾਰ ਖੇਡਣ ਦਾ

**ਪ੍ਰਸ਼ਨ.15 ਹਰਿਆਣਾ ਵਿੱਚ ਸਕਾਊਟ ਦਾ ਮੁੱਖ ਦਫਤਰ ਕਿੱਥੇ ਹੈ?** (1)

1) ਰੇਵਾੜੀ 2) ਗੁੜਗਾਵਾਂ 3) ਸਿਰਸਾ 4) ਚੰਡੀਗੜ੍ਹ

**ਪ੍ਰਸ਼ਨ.16 ਹੱਕ ਦੀ ਕਮਾਈ ਕਿਸ ਨਾਲੋਂ ਜ਼ਿਆਦਾ ਸਕੂਨ ਦਿੰਦੀ ਹੈ?** (2)

**ਪ੍ਰਸ਼ਨ.17 ਡਾ. ਅਬਦੁਲ ਕਲਾਮ ਪੜ੍ਹਾਈ ਦੇ ਨਾਲ-ਨਾਲ ਕੀ ਕੰਮ ਕਰਦੇ ਸਨ?** (2)

**ਪ੍ਰਸ਼ਨ.18 'ਕੰਮੀਆਂ ਦਾ ਵਿਹੜਾ' ਕਵਿਤਾ ਵਿੱਚ ਕੰਮੀਆਂ ਦੀ ਹਾਲਤ ਕਿਸ ਤਰ੍ਹਾਂ ਦੀ ਹੈ?** (2)

**ਪ੍ਰਸ਼ਨ.19 'ਵਹਿਮਾਂ-ਭਰਮਾਂ' ਪਾਠ ਅਨੁਸਾਰ ਹਫਤੇ ਦੇ ਕਿਹੜੇ-2 ਦਿਨਾਂ ਨੂੰ ਚੰਗਾ ਸਮਝਿਆ ਜਾਂਦਾ ਹੈ?** (2)

**ਪ੍ਰਸ਼ਨ.20 'ਮਿੱਤਰ ਦੀ ਪਛਾਣ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?** (2)

**ਪ੍ਰਸ਼ਨ.21 ਸ਼ਹੀਦ ਭਗਤ ਸਿੰਘ ਦਾ ਬਚਪਨ ਦਾ ਨਾਂ ਭਾਗਾਂ ਵਾਲਾ ਕਿਉਂ ਸੀ?** (2)

**ਪ੍ਰਸ਼ਨ.22 ਸਿੰਧੂ ਘਾਟੀ ਦੀਆਂ ਮੁੱਖ ਫਸਲਾਂ ਦੇ ਨਾਂ ਲਿਖੋ।** (2)

**ਪ੍ਰਸ਼ਨ.23 ਦਾਜ ਦੇ ਲਾਲਚੀ ਵਿਆਹ ਤੋਂ ਬਾਅਦ ਕੀ ਕਰਦੇ ਹਨ?** (2)

**ਪ੍ਰਸ਼ਨ.24 ਨੌਜਵਾਨਾਂ ਲਈ ਸਵਾਮੀ ਵਿਵੇਕਾਨੰਦ ਦੀ ਕੀ ਪ੍ਰੇਰਨਾ ਸੀ?** (2)

**ਪ੍ਰਸ਼ਨ.25 ਹਰਿਆਣੇ ਦੇ ਚਾਰ ਸੁਤੰਤਰਤਾ ਸੰਗਰਾਮੀਆਂ ਦੇ ਨਾਂ ਲਿਖੋ।** (2)

**ਪ੍ਰਸ਼ਨ.26 ਸਕਾਊਟ ਕੀ ਪ੍ਰਤਿੱਗਿਆ ਕਰਦੇ ਹਨ?** (3)

**ਪ੍ਰਸ਼ਨ.27 ਡਾ. ਭੀਮ ਰਾਵ ਅੰਬੇਡਕਰ ਨੇ ਛੂਤ-ਛਾਤ ਨੂੰ ਦੂਰ ਕਰਨ ਲਈ ਕੀ-ਕੀ ਉਪਰਾਲੇ ਕੀਤੇ?** (3)

**ਪ੍ਰਸ਼ਨ.28 ਧੀਰੂ ਕਿਸ ਰੰਗ ਦਾ ਕਤੂਰਾ ਚੁੱਕ ਕੇ ਲਿਆਇਆ ਤੇ ਉਸ ਦਾ ਕੀ ਨਾਂ ਸੀ?** (3)

**ਪ੍ਰਸ਼ਨ.29 ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਹੈ ਅਤੇ ਕਿਉਂ?** (3)

**ਪ੍ਰਸ਼ਨ.30 'ਸਿਰਜਣਾ' ਇਕਾਂਗੀ ਵਿੱਚ ਸਿਰਜਣਾ ਸਮਾਜ ਨੂੰ ਕੀ ਸੁਨੇਹਾ ਦੇਣਾ ਚਾਹੁੰਦੀ ਹੈ?** (3)

**ਪ੍ਰਸ਼ਨ.31 ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** ਪ੍ਰੀਸਦ, ਮੂਲਾਕਾਤ, ਪੰਜ, ਮਹਾਂਪੂਰਖ, ਪਿੰਡ, ਸੰਪੂਰਨ (3)

**ਪ੍ਰਸ਼ਨ.32 ਲਿੰਗ ਬਦਲੋ:-** ਰਾਜਾ, ਅਧਿਆਪਕ, ਪੰਜਾਬੀ, ਤੇਲੀ, ਨਾਇਕ, ਮੋਰ। (3)

**ਪ੍ਰਸ਼ਨ.33 ਵਚਨ ਬਦਲੋ:-** ਸੜਕ, ਕਿਤਾਬ, ਅੱਖ, ਗਊ, ਦਰੀ, ਬੱਚਾ। (3)

**ਪ੍ਰਸ਼ਨ.34 ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋਂ:** (3)

ਸਾਕਾਰ ਕਰਨਾ, ਖੈਰ ਮੰਗਣਾ, ਦਿਨ ਰਾਤ ਇੱਕ ਕਰਨਾ।

**ਪ੍ਰਸ਼ਨ.35 ਵਿਰੋਧੀ ਸ਼ਬਦ ਬਣਾਓ:** ਸੁੱਖ, ਨਵਾਂ, ਸੰਜੋਗ, ਆਮਦਨੀ, ਮੂਰਖ, ਪਾਪ। (3)

**ਪ੍ਰਸ਼ਨ 36 ਵਾਕਾਂ ਵਿੱਚ ਵਰਤੋਂ:** ਉਪਾਧੀ, ਸਮਾਂ, ਬਚਪਨ, ਤੂਫਾਨ, ਖਾਮੋਸ਼। (5)

**ਪ੍ਰਸ਼ਨ 37 ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ। ਪੁਲਿਸ ਇੰਸਪੈਕਟਰ ਨੂੰ ਸਾਈਕਲ ਦੇ ਚੋਰੀ ਹੋਣ ਦੀ ਥਾਂ ਤੇ ਸਾਈਕਲ ਦਾ ਹੁਲੀਆ ਦੱਸ ਕੇ ਰਿਪੋਰਟ ਲਿਖਾਓ।**

**ਜਾਂ**

**ਫੀਸ ਮੁਆਫੀ ਲਈ ਮੁੱਖ ਅਧਿਆਪਕ ਨੂੰ ਪੱਤਰ ਲਿਖੋ।** (5)

**ਪ੍ਰਸ਼ਨ 38 ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ:-** (5)

ਮੇਰਾ ਅਧਿਆਪਕ ਜਾਂ ਸ਼੍ਰੀ ਗੁਰੂ ਨਾਨਕ ਦੇਵ ਜੀ